ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ, ਐਸ.ਸੀ.ਓ ਨੰ 104-106 ਸੈਕਟਰ 34 ਏ, ਚੰਡੀਗੜ੍ਹ, ਫੋਨ ਨੰ: 0172-5015864, 5015865, ਫੈਕਸ: 0172-2624687,
ਵੈਬ ਸਾਇਟ www.ssapunjab.org

# ਪਬਲਿਕ ਨੋਟਿਸ

## "ਪ੍ਰਾਈਵੇਟ ਖੇਤਰ ਦੇ ਪ੍ਰੀ-ਪ੍ਰਾਇਮਰੀ/ਪ੍ਰਾਇਮਰੀ/ਅੱਪਰ ਪ੍ਰਾਇਮਰੀ/ਸਕੂਲਾਂ ਦੇ ਧਿਆਨ ਹਿੱਤ"

ਭਾਰਤ ਸਰਕਾਰ ਵੱਲੋਂ ਬਣਾਏ "ਬੱਚਿਆਂ ਦੇ ਮੁਫ਼ਤ ਅਤੇ ਲਾਜਮੀ ਸਿੱਖਿਆ ਦੇ ਅਧਿਕਾਰ ਐਕਟ 2009" ਦੀ ਧਾਰਾ 18(1) ਅਧੀਨ ਰਾਜ ਵਿੱਚ ਪ੍ਰੀ-ਪ੍ਰਾਇਮਰੀ/ਪ੍ਰਾਇਮਰੀ/ਅੱਪਰ ਪ੍ਰਾਇਮਰੀ ਸਿੱਖਿਆ ਪ੍ਰਦਾਨ ਕਰਦੇ ਪ੍ਰਾਇਵੇਟ ਸਕੂਲਾਂ ਲਈ ਸਰਕਾਰ ਤੋਂ ਮਾਨਤਾ ਪ੍ਰਾਪਤ ਕਰਨਾ ਜ਼ਰੂਰੀ ਹੈ। ਪੰਜਾਬ ਸਰਕਾਰ ਵੱਲੋਂ ਐਕਟ ਅਧੀਨ ਬਣਾਏ ਗਏ ਨਿਯਮਾਂ ਦੀ ਕੀਤੀ ਹਾਲੀਆ ਸੋਧ ਅਨੁਸਾਰ ਪ੍ਰਾਈਵੇਟ ਸਕੂਲਾਂ ਵੱਲੋਂ ਉੱਕਤ ਦੱਸੀ ਮਾਨਤਾ ਪ੍ਰਾਪਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਬਣਾਏ ਨਿਯਮਾਂ ਵਿੱਚ ਦਿੱਤੇ ਫਾਰਮ-1 ਵਿੱਚ ਸਵੈ ਘੋਸ਼ਣਾ ਪੱਤਰ ਭਰ ਕੇ ਦੇਣ ਦੀ ਮਿਆਦ ਮਿਤੀ 12 ਅਕਤੂਬਰ 2012 ਤੱਕ ਵਧਾ ਦਿੱਤੀ ਗਈ ਹੈ।

ਉਕਤ ਅਨੁਸਾਰ ਦੱਸੇ ਪ੍ਰਾਈਵੇਟ ਸਕੂਲ ਜਿਹਨਾਂ ਨੇ ਹੁਣ ਤੱਕ ਘੋਸ਼ਣਾ ਪੱਤਰ ਜਮ੍ਹਾਂ ਨਹੀਂ ਕਰਵਾਇਆ ਉਹਨਾਂ ਨੂੰ ਇਸ ਪਬਲਿਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ "ਪੰਜਾਬ ਬੱਚਿਆਂ ਦੇ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਰੂਲਜ਼ 2011" ਅਧੀਨ ਦਿੱਤੇ ਫਾਰਮ ਨੰ: 1 ਵਿੱਚ ਆਪਣੇ ਸਕੂਲ ਸਬੰਧੀ ਘੋਸ਼ਣਾ ਪੱਤਰ ਭਰ ਕੇ ਉੱਕਤ ਦੱਸੀ ਮਿਤੀ ਤੱਕ ਜਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ) ਪਾਸ ਜਮ੍ਹਾਂ ਕਰਵਾਉਣ। ਇਹ ਫਾਰਮ ਇਸ ਦਫ਼ਤਰ ਦੀ ਵੈਬਸਾਈਟ ਤੋਂ ਵੀ ਡਾਊਨਲੋਡ ਕੀਤਾ ਜਾ ਸਕਦਾ ਹੈ। ਉਕਤ ਦੱਸੀ ਮਿਤੀ ਤੱਕ ਜੇਕਰ ਕੋਈ ਸਕੂਲ ਸਵੈ ਘੋਸ਼ਣਾ ਪੱਤਰ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਉਕਤ ਦੱਸੇ ਐਕਟ ਦੀ ਧਾਰਾ 19(4) ਅਧੀਨ ਅਜਿਹੇ ਸਕੂਲ ਮਿਤੀ 31-03-2013 ਤੋਂ ਬਾਅਦ ਚਲ ਨਹੀਂ ਸਕਦੇ।

ਵਧੇਰੇ ਜਾਣਕਾਰੀ ਲਈ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ) ਨਾਲ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਇਸ ਦਫ਼ਤਰ ਨੂੰ ਈ-ਮੇਲ ਭੇਜੀ ਜਾ ਸਕਦੀ ਹੈ।

**ਕੇ.ਐੱਸ ਪੰਨੂੰ (ਆਈ.ਏ.ਐੱਸ)**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**